੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

G-452

# ਸ੍ਰੀ ਹੇਮਕੁੰਟ ਸਪਤਸ਼੍ਰਿੰਗ

## ਗਾਈਡ


ਲਿਖਤ

**ਸਰਦਾਰ ਸੋਹਣ ਸਿੰਘ**

ਬਗਦਾਦੀ ਗੇਟ, ਫੀਰੋਜ਼ ਪੁਰ ਸ਼ਹਿਰ

ਹਾਲ,

ਟਾਈਪਿਸਟ ਸ਼੍ਰੋਮਣੀ ਗੁਰਦ੍ਵਾਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਜੀ


ਅਪ੍ਰੈਲ ੧੯੪੦ ਈ:

ਪਹਿਲੀ ਵਾਰ ਸਭ ਹਕ ਰਾਖਵੇਂ ਹਨ । ਮੁਲ ।–)

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਮੁਖਬੰਧ

ਅਬ ਮੈਂ ਅਪਨੀ ਕਥਾ ਬਖਾਨੋਂ ॥
ਤਪ ਸਾਧਤ ਜਿਹ ਬਿਧ ਮੋਹਿ ਆਨੋ ॥
ਹੇਮਕੁੰਟ ਪਰਬਤ ਹੈ ਜਹਾਂ ॥
ਸਪਤ ਸ੍ਰਿੰਗ ਸੋਭਤ ਹੈ ਤਹਾਂ ॥ ੧ ॥
ਸਪਤ ਸ੍ਰਿੰਗ ਤਿਹ ਨਾਮ ਕਹਾਵਾ ॥
ਪੰਡੁ ਰਾਜ ਜਹਿੰ ਜੋਗ ਕਮਾਵਾ ॥
ਤਹਿੰ ਹਮ ਅਧਿਕ ਤਪਸ੍ਯਾ ਸਾਧੀ ॥
ਮਹਾਂ ਕਾਲ ਕਾਲਕਾ ਆਰਾਧੀ ॥ ੨ ॥

[ਬਚਿੱਤ੍ਰ ਨਾਟਕ

ਉਪ੍ਰੋਕਤ ਦਸਮ ਸ੍ਰੀ ਮੁਖਵਾਕ ਜਦ ਭੀ ਮੈਂ ਪੜ੍ਹਦਾ ਜਾਂ ਸੁਣਦਾ ਸਾਂ ਤਾਂ ਇਸ ਪਵਿਤ੍ਰ "ਹੇਮਕੁੰਟ" ਸੰਬੰਧੀ ਜਾਨਣ ਲਈ ਦਿਲ ਵਿਚ ਇਕ ਖੁਸ਼ੀ ਦੀ ਲਹਿਰ ਝਲਕਾ ਮਾਰਕੇ ਏਹ ਸੰਕਲਪ ਉਤਪੰਨ ਕਰਦੀ ਕਿ ਏਹ ਵਚਿਤ੍ਰ ਅਨੂਪਮ ਅਸਥਾਨ ਕਿੱਥੇ ਹੋਵੇਗਾ ? ਹੁਣ ਤਕ ਏਹ ਤਪ ਅਸਥਾਨ ਦੂਜੇ ਗੁਰ ਅਸਥਾਨਾਂ ਵਾਂਗ ਕਿਉਂ ਨਹੀਂ ਸਿਖ ਪੰਥ ਦੀਆਂ ਨਜ਼ਰਾਂ ਵਿਚ ਸਪਸ਼ਟ ਤੌਰ ਤੇ ਸਾਹਮਣੇ ਆਇਆ ? ਅਤੇ ਇਸ ਗੁਰ-ਦੁਆਰੇ ਦੇ ਹਾਲਾਤ ਕਿਉਂ ਨਹੀਂ ਵਿਸਥਾਰ ਪੂਰਬਕ ਮਿਲਦੇ ?

ਏਹੋ ਜੇਹੇ ਖਿਆਲਾਤ ਆਕੇ ਦਿਲ ਵਿਚ ਇਸ ਦੇ ਜਾਨਣ ਦੀ ਤੀਬ੍ਰ ਇੱਛਾ ਉਠਦੀ, ਪਰ ਸੰਸਾਰਕ ਵਿਵਹਾਰਾਂ ਤੇ ਰੁਝੇਵਿਆਂ ਵਿਚ ਗ੍ਰਸਿਆਂ ਹੋਣ ਕਰਕੇ ਬੇਬਸ ਜੇਹੇ ਹੋਕੇ ਚੁਪ ਹੋ ਰਹਿੰਦਾ ਰਿਹਾ।

ਦੈਵਨੇਤ ਤੇ ਵਾਹਿਗੁਰੂ ਜੀ ਦੀ ਮੇਹਰ ਨਾਲ ੧੯੩੬ ਈ: ਦੀਆਂ ਗਰਮੀਆਂ ਵਿਚ ਇਕ ਐਸਾ ਅਵਸਰ ਬਣ ਗਿਆ ਜਦ ਕਿ ਇਕ ਜਥਾ ਸ੍ਰੀ ਅੰਮ੍ਰਿਤਸਰ ਜੀ ਤੋਂ ਸ੍ਰੀ ਹੇਮਕੁੰਟ ਦੀ ਯਾਤ੍ਰਾ ਲਈ ਤਯਾਰ ਹੋਇਆ। ਇਸ ਵਿਚ ਸ੍ਰੀ ਗੁਰੂ ਰਾਮਦਾਸ ਖਾ: ਹਾਈ ਸਕੂਲ ਸ੍ਰੀ ਅੰਮ੍ਰਿਤਸਰ ਜੀ ਦੇ ਹੈਡ-ਮਾਸਟਰ ਸਾਹਿਬ, ਸਰਦਾਰ ਅਭੈ ਸਿੰਘ ਜੀ ਬੀ. ਏ. ਬੀ ਟੀ ਮੁਹਰੀ ਬਣੇ, ਸਕੂਲ ਦਾ ਸਟਾਫ ਤੇ ਕੁਝ ਹੋਰ ਵਿਦਯਾਰਥੀ ਉਨ੍ਹਾਂ ਦੇ ਸੰਗੀ ਹੋਏ, ਤਦ ਇਨ੍ਹਾਂ ਸਤਰਾਂ ਦਾ ਲੇਖਕ ਵੀ ਉਸੇ ਜਥੇ ਵਿਚ ਸ਼ਾਮਲ ਹੋਇਆ ਤੇ ਯਾਤ੍ਰਾ ਆਰੰਭੀ।

੧੩ ਦਿਨਾਂ ਦੇ ਸਫਰ ਪਿੱਛੋਂ ਸਾਡਾ ਜਥਾ ਸਤਿਗੁਰੂ ਜੀ ਦੇ ਤਪ ਅਸਥਾਨ ਤੇ ਪੁੱਜਾ ਤੇ ਦਰਸ਼ਨ ਕਰਕੇ ਨੈਨ ਸਫ਼-ਲਾਏ। ਇਸ ਤਪੋਭੂਮੀਂ ਦੀ ਰਮਣੀਕਤਾ ਤੇ ਸੁਹੱਪਣ ਲਿਖਣ ਤੇ ਕਥਨ ਤੋਂ ਬਾਹਰ ਸੀ। ਏਸ ਬਚਿਤ੍ਰ ਤੇ ਅਨੂਪਮ ਅਸਥਾਨ ਦੀ ਸੁੰਦਰਤਾ ਤੇ ਰਮਣੀਕਤਾ ਨੇ ਸਾਡੇ ਦਿਲਾਂ ਤੇ ਸਦਾ ਰਹਿਣ ਵਾਲਾ ਡੂੰਘਾ ਅਸਰ ਪਾਇਆ, ਸੋਹਣੇ ਸਤਿਗੁਰਾਂ ਦੇ ਸੋਹਣੇ ਤਪ ਅਸਥਾਨ ਦੀ ਮਿੱਠੀ ਸੁਗੰਧਿ ਮਾਣੀ, ਅਤੇ ਉਥੋਂ ਦਾ ਵਾਯੂ ਮੰਡਲ ਜੋ ਅਜੇ ਤਕ ਆਏ ਹਰ ਯਾਤ੍ਰੂ ਨੂੰ ਆਪਣੇ ਪ੍ਰਭਾਵ-ਸ਼ਾਲੀ ਅਸਰ ਪ੍ਰਦਾਨ ਕਰ ਰਿਹਾ ਹੈ, ਪ੍ਰਤੀਤ ਕੀਤਾ।



ਏਹ ਸੁਹਾਵਣੀ ਤੇ ਸਫ਼ਲ ਯਾਤ੍ਰਾ ਕਰਕੇ ਸਾਡਾ ਜਥਾ ੨੫ ਦਿਨਾਂ ਪਿੱਛੋਂ ਸ੍ਰੀ ਅੰਮ੍ਰਿਤਸਰ ਜੀ ਵਾਪਸ ਪੁਜਾ ਜਿੱਥੇ ਪੁੱਜਕੇ ਮੈਂ ਅਪਣੀ ਯਾਤ੍ਰਾ ਦੇ ਸਮਾਚਾਰ "ਅਕਾਲੀ ਪਤ੍ਰਕਾ, ਲਾਹੌਰ" ਵਿਚ ਪ੍ਰਕਾਸ਼ਤ ਕਰਵਾਏ ਜੋ ਦੋ ਤ੍ਰੈ ਹਫਤੇ ਛਪਦੇ ਰਹੇ। ਏਹ ਸਮਾਚਾਰ ਪ੍ਰੈਸ ਵਿਚ ਛਪਣ ਤੋਂ ਪਿੱਛੋਂ ਸਿਖ ਸੰਗਤਾਂ ਦੇ ਉਤਸ਼ਾਹ ਦਾ ਅਨੁਮਾਨ ਲਗਣ ਤੇ ਮੇਰੀ ਇਹ ਇੱਛਾ ਹੋਈ ਜੋ ਏਹ ਸਾਰੇ ਹਾਲਾਤ ਚੰਗੀ ਤਰ੍ਹਾਂ ਸੋਧਕੇ ਤੇ ਮੁਕੰਮਲ ਤੌਰ ਤੇ ਕ੍ਰਮ ਅਨੁਸਾਰ ਗ੍ਰੰਥਨ ਕਰਕੇ ਪੁਸਤਕ ਦੇ ਆਕਾਰ ਵਿਚ ਲਿਖਦਿਆਂ। ਅਜੇ ਮੈਂ ਇਨਾਂ ਵਿਚਾਰਾਂ ਵਿਚ ਹੀ ਸੀ ਕਿ ਉਨ੍ਹੀ ਦਿਨੀਂ ਹੀ ਸ੍ਰੀ ਗੁਰੂ ਸਿੰਘ ਸਭਾ ਮਸੂਰੀ, ਜਿਸ ਨੇ ਹੁਣ ਇਸ ਪਵਿੱਤ੍ਰ ਅਸਥਾਨ ਦੀ ਸੇਵਾ ਦਾ ਬੀੜਾ ਚੁਕਿਆ ਹੋਇਆ ਹੈ, ਦੇ ਸਕੱਤ੍ਰ ਸਾਹਿਬ ਸ੍ਰੀ ਮਾਨ ਸਰਦਾਰ ਭਗਤ ਸਿੰਘ ਜੀ ਸੁਤੇ ਸਿਧ ਸ੍ਰੀ ਦਰਬਾਰ ਸਾਹਿਬ ਜੀ ਦੀਆਂ ਪ੍ਰਕਰਮਾਂ ਵਿਚ ਮਿਲ ਪਏ। ਇਸ ਸੰਬੰਧੀ ਪਰਸਪਰ ਵੀਚਾਰ ਪਿੱਛੋਂ ਉਨ੍ਹਾਂ ਮੈਨੂੰ ਇਹ ਕਿਤਾਬ ਛੇਤੀ ਮੁਕੰਮਲ ਕਰਨ ਤੇ ਇਸ ਦੀ ੫੦੦ ਕਾਪੀ ਸਿੰਘ ਸਭਾ ਦੇ ਅਪਨੇ ਖਰਚ ਤੇ ਛਪਵਾਕੇ ਪੋਹ ਸੁਦੀ ਸਪਤਮੀਂ ਦੇ ਸੁਭਾਗ ਗੁਰਪੁਰਬ ਤੇ ਸਾਧ ਸੰਗਤ ਦੀ ਸੇਵਾ ਵਿਚ ਮੁਫਤ ਵੰਡਣ ਦਾ ਉਤਸ਼ਾਹ ਦਿਵਾਇਆ ਜਿਸ ਤੇ ਮੈਂ ਹੋਰ ਭੀ ਚਾਉ ਤੇ ਉੱਦਮ ਨਾਲ ਇਸ ਸਾਰੇ ਮਸੌਦੇ ਨੂੰ ਚੰਗੀ ਤਰ੍ਹਾਂ ਪੜਤਾਲ ਤੇ ਨਵੇਂ ਸਾਂਚੇ ਵਿਚ ਢਾਲ ਕੇ ਪੁਸਤਕ ਦੀ ਸ਼ਕਲ ਵਿਚ ਤਯਾਰ ਕੀਤਾ।

ਇਸ ਤਿਆਰੀ ਵਿਚ ਮੈਂ ਇਸ ਗਲ ਨੂੰ ਬੀ ਅਖਾਂ ਸਾਹਵੇਂ ਰੱਖਿਆ ਹੈ ਕਿ ਹੁਣ ਤਕ "ਸ੍ਰੀ ਹੇਮਕੁੰਟ" ਸੰਬੰਧੀ ਐਸੀ ਕੋਈ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.